ਸ਼ਨਿੱਚਰਵਾਰ
6, ਫ਼ਰਵਰੀ 2010
27 ਮਾਘ ,
ਨਾਨਕਸ਼ਾਹੀ 541

ਅੱਜ ਦੀ ਆਵਾਜ਼

ਕੀਮਤ 2 ਰੁਪਏ

ਜਲੰਧਰ
ਅੰਕ ਨੰ. 296,
ਸਾਲ 25
Postal Regd. No.
PB/0007/09-2011

www.ajdiawaaz.com ਪੰਜਾਬ ਦੀ ਉਮੀਦ info@ajdiawaaz.com

ਸ਼ਹਿਰ ਤੇ ਆਸ-ਪਾਸ
ਅਸ਼ਵਨੀ ਸ਼ਰਮਾ ਨੂੰ ਪ੍ਰਧਾਨ ਬਨਾਉਣ 3

ਸੰਪਾਦਕੀ
ਬੇਇੱਜ਼ਤੀ ਕਰਵਾਉਣ ਦਾ ਮੌਕਾ ਹੋਰਾਂ ਨੂੰ ਵੀ ਮਿਲੇ 4

ਦੇਸ਼ ਦੁਨੀਆ
ਵਿਸ਼ਾਲ ਜਾਗਰੂਕਤਾ ਰੈਲੀ 8

'ਅੱਜ ਦੀ ਆਵਾਜ਼' ਵੱਲੋਂ ਮੀਡੀਆ ਖੁਸ਼ੀ ਸਮਾਗਮ 8 ਫਰਵਰੀ, 2010 ਨੂੰ

ਅਦਾਰਾ ਅੱਜ ਦੀ ਆਵਾਜ਼ ਨੂੰ ਸਾਰੇ ਵਰਗਾਂ ਅਤੇ ਸਮੂਹ ਪੱਤਰਕਾਰ ਭਾਈਚਾਰੇ ਵੱਲੋਂ ਲਾਮਿਸਾਲ ਯੋਗਦਾਨ ਮਿਲ ਰਿਹਾ ਹੈ। ਆਪਣੇ ਸਾਰੇ ਸਰਪਰਸਤਾਂ ਅਤੇ ਪੱਤਰਕਾਰਾਂ ਦਾ ਧੰਨਵਾਦ ਕਰਨ ਲਈ ਅਦਾਰੇ ਵੱਲੋਂ 8 ਫਰਵਰੀ 2010 ਦਿਨ ਸੋਮਵਾਰ ਨੂੰ ਸਵੇਰੇ 11.00 ਵਜੇ ਅਖ਼ਬਾਰ ਦੇ ਮੁੱਖ ਦਫ਼ਤਰ ਆਵਾਜ਼ ਭਵਨ 179 ਰਣਜੀਤ ਨਗਰ ਜਲੰਧਰ ਵਿਖੇ ਵਿਸ਼ੇਸ਼ ਮੀਡੀਆ ਖੁਸ਼ੀ ਸਮਾਗਮ ਕਰਵਾਇਆ ਜਾ ਰਿਹਾ ਹੈ। ਇਸ ਸਮਾਗਮ ਵਿੱਚ ਖੇਤਰ ਦੀਆਂ ਕੁਝ ਉੱਘੀਆਂ ਹਸਤੀਆਂ ਅਤੇ ਪੱਤਰਕਾਰ ਭਾਈਚਾਰੇ ਦੇ ਪ੍ਰਤੀਨਿਧ ਹਾਜ਼ਰੀ ਭਰਨਗੇ। ਸਮਾਗਮ 'ਚ ਉੱਦਮੀ ਪੱਤਰਕਾਰਾਂ ਨੂੰ ਅਦਾਰੇ ਵੱਲੋਂ ਮੀਡੀਆ ਪੁਰਸਕਾਰ ਨਾਲ ਸਨਮਾਨਿਤ ਕੀਤਾ ਜਾਵੇਗਾ। ਇਸ ਮੌਕੇ 'ਤੇ ਅਮਰੀਕਾ ਤੋਂ ਵਿਸ਼ੇਸ਼ ਤੌਰ 'ਤੇ ਆਏ ਉੱਘੇ ਪੰਜਾਬੀ ਵਿਦਵਾਨ ਡਾ. ਸਵਰਾਜ ਸਿੰਘ ਆਪਣੇ ਵਿਚਾਰ ਵੀ ਸਾਂਝੇ ਕਰਨਗੇ। ਸਮੂਹ ਪੱਤਰਕਾਰਾਂ ਨੂੰ ਇਸ ਮੌਕੇ 'ਤੇ ਹਾਜ਼ਰੀ ਭਰਨ ਦਾ ਖੁੱਲ੍ਹਾ ਸੱਦਾ ਦਿੰਦੇ ਹੋਏ ਖੁਸ਼ੀ ਮਹਿਸੂਸ ਕਰ ਰਹੇ ਹਾਂ। ਸਮਾਗਮ ਦੇ ਹੋਰ ਵੇਰਵੇ ਦਫ਼ਤਰ ਦੇ ਟੈਲੀਫੋਨ 0181-2235707 ਤੋਂ ਹਾਸਲ ਕੀਤੇ ਜਾ ਸਕਦੇ ਹਨ। ਸਨਮਾਨਿਤ ਪੱਤਰਕਾਰਾਂ ਦੀ ਸੂਚੀ ਜਲਦ ਹੀ ਅਖ਼ਬਾਰ ਵਿੱਚ ਛਾਪੀ ਜਾਵੇਗੀ। -ਸੰਪਾਦਕ

ਨਵਿਆਉਣਯੋਗ ਊਰਜਾ ਨੂੰ ਵਿਕਸਿਤ ਕਰਨਾ ਸਮੇਂ ਦੀ ਮੁੱਖ ਲੋੜ-ਮਨਮੋਹਨ

ਦਿਲੀ 'ਚ ਵਿਕਾਸ ਸਿਖਰ ਸੰਮੇਲਨ ਦਾ ਉਦਘਾਟਨ

ਨਵੀਂ ਦਿੱਲੀ, 5 ਫ਼ਰਵਰੀ (ਵਿਸ਼ਵ ਵਾਰਤਾ)-ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੇ ਕਿਹਾ ਕਿ ਭਾਰਤ ਜਲਵਾਯੂ ਤਬਦੀਲੀ ਬਾਰੇ ਅੰਤਰ ਸਰਕਾਰੀ ਪੈਨਲ ਉਤੇ ਕੰਮਕਾਰ ਤੋਂ ਸੰਤੁਸ਼ਿਤ ਹੈ ਅੱਜ ਨਵੀਂ ਦਿੱਲੀ ਵਿੱਚ ਦਿਲੀ ਵਿਕਾਸ ਸਿਖਰ ਸੰਮੇਲਨ ਦਾ ਉਦਘਾਟਨ ਕਰਨ ਮੌਕੇ ਬੋਲਦਿਆਂ ਡਾ. ਮਨਮੋਹਨ ਸਿੰਘ ਨੇ ਕਿਹਾ ਕਿ ਆਈ.ਪੀ.ਸੀ.ਸੀ. ਦੇ ਮੁੱਖੀ ਆਰ.ਕੇ. ਪਚੌਰੀ ਨੇ ਜਲਵਾਯੂ ਤਬਦੀਲੀ ਦੀਆਂ ਵੰਗਾਰਾਂ ਨਾਲ ਸਿੱਝਣ ਲਈ ਅਹਿਮ ਯੋਗਦਾਨ ਪਾਇਆ ਹੈ ਤੇ ਉਨ੍ਹਾਂ ਨੂੰ ਇਸ ਕੰਮ ਲਈ ਕੌਮਾਂਤਰੀ ਭਾਈਚਾਰੇ ਵੱਲੋਂ ਪੂਰਾ ਆਦਰ-ਸਤਿਕਾਰ ਦਿੱਤਾ ਜਾਂਦਾ ਹੈ। ਉਨ੍ਹਾਂ ਕਿਹਾ ਕਿ ਪਚੌਰੀ ਦੀ ਅਗਵਾਈ ਹੇਠ ਊਰਜਾ ਖੋਜ ਸੰਸਥਾ ਨੇ ਊਰਜਾ ਤੇ ਵਾਤਾਵਰਣ ਸੰਭਾਲ ਦੀ ਪਿੜ ਵਿੱਚ ਅਨੇਕਾਂ ਮਾਅਰਕੇ ਮਾਰੇ। ਵਾਤਾਵਰਣ ਤਬਦੀਲੀ ਦੀ ਸਮੱਸਿਆ ਨੂੰ ਸਿੱਝਣ ਲਈ ਕੌਮਾਂਤਰੀ ਪੱਧਰ ਉਤੇ ਕੋਈ ਸਰਬਸੰਮਤੀ ਨਾ (ਬਾਕੀ ਸਫਾ 2 'ਤੇ)

ਛੇਤੀ ਹੀ ਡੀਲਰ ਕਰਨਗੇ ਨਵੇਂ ਵਾਹਨਾਂ ਦੀ ਰਜਿਸਟਰੇਸ਼ਨ

ਗੈਰ ਜ਼ਰੂਰੀ ਹਲਫੀਆ ਬਿਆਨਾਂ ਨੂੰ ਵਿਦਾਇਗੀ

ਚੰਡੀਗੜ੍ਹ 5 ਫ਼ਰਵਰੀ (ਹਰੀਸ਼ ਚੰਦਰ ਬਾਗਾਂਵਾਲਾ) ਪੰਜਾਬ ਦੇ ਉਪ ਮੁੱਖ ਮੰਤਰੀ ਸ:ਸੁਖਬੀਰ ਸਿੰਘ ਬਾਦਲ ਨੇ ਅੱਜ ਸਿਰਫ਼ ਕਾਨੂੰਨਨ ਲਾਜ਼ਮੀ ਮਾਮਲਿਆਂ ਨੂੰ ਛੱਡ ਕੇ ਹੋਰਨਾ ਮਾਮਲਿਆਂ ਵਿੱਚ ਹਲਫ਼ੀਆਂ ਬਿਆਨ ਨਾ ਲਏ ਜਾਣ ਬਾਰੇ ਪ੍ਰਸ਼ਾਸ਼ਕੀ ਸੁਧਾਰ ਕਮਿਸ਼ਨ ਦੀਆਂ ਸਿਫ਼ਾਰਸ਼ਾ ਨੂੰ ਸਿਧਾਤਕ ਰੂਪ ਵਿੱਚ ਪ੍ਰਵਾਨ ਕਰਕੇ ਰਾਜ ਅੰਦਰ ਆਮ ਨਾਗਰਿਕ ਦੀ ਜਿੰਦਗੀ ਨੂੰ ਸੁਖਾਲਾ ਬਨਾਉਣ ਦੀ ਦਿਸ਼ਾ ਵੱਲ ਵੱਡੀ ਪੇਸ਼ਕਦਮੀ ਕੀਤੀ ਹੈ। ਸ:ਸੁਖਬੀਰ ਸਿੰਘ ਬਾਦਲ ਨੇ ਅੱਜ ਇਥੇ ਮੁੱਖ ਸਕੱਤਰ ਸ਼੍ਰੀ ਐਸ.ਸੀ.ਅਗਰਵਾਲ ਅਤੇ ਡਾ:ਪ੍ਰਮੋਦ ਕੁਮਾਰ ਚੇਅਰਮੈਂਨ, ਪ੍ਰਸ਼ਾਸ਼ਕੀ ਸੁਧਾਰ ਕਮਿਸ਼ਨ ਨੂੰ ਨਾਲ ਲੈ ਕੇ ਕਮਿਸ਼ਨ ਦੀਆਂ ਸ਼ਿਫ਼ਾਰਸ਼ਾ ਬਾਰੇ ਵਿਚਾਰ ਕਰਨ ਅਤੇ ਉਨ੍ਹਾਂ ਨੂੰ ਨਿਰਧਾਰਤ ਸਮੇਂ ਅੰਦਰ ਲਾਗੂ ਕਰਨ ਲਈ ਸਮੂਹ ਵਿਭਾਗਾ ਨਾਲ ਇਕ ਵਿਸਤਰਤ ਮੀਟਿੰਗ ਕੀਤੀ। ਲਗਪਗ ਪੂਰਾ ਦਿਨ ਚਲੀ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਸ:ਬਾਦਲ ਨੇ ਕਿਹਾ ਕਿ ਸਰਕਾਰੀ ਵਿਭਾਗਾ ਵਲੋਂ ਜਨਤਕ ਸੇਵਾਵਾਂ ਅਤੇ ਨਵੇਂ ਬਿਜਲੀ, ਪਾਣੀ ਅਤੇ ਸੀਵਰੇਜ਼ ਕੁਨੈਕਸ਼ਨਾ ਲਈ ਹਲਫ਼ੀਆਂ ਬਿਆਨ ਮੰਗਣ ਨਾਲ ਜਿਥੇ ਲੋਕਾ ਦਾ ਗੈਰ ਜ਼ਰੂਰੀ ਖਰਚਾ ਹੁੰਦਾ ਹੈ ਉਥੇ ਉਨ੍ਹਾਂ ਨੂੰ (ਬਾਕੀ ਸਫਾ 2 'ਤੇ)

ਪੰਜਾਬ ਅੰਤਰ-ਰਾਸ਼ਟਰੀ 'ਵਰਸਿਟੀ ਲੁਧਿਆਣਾ ਨੇੜੇ ਸਥਾਪਿਤ ਹੋਵੇਗੀ

ਮੁੱਖ ਮੰਤਰੀ ਵਲੋਂ ਕਾਰਨੇਗੀ ਮੈਲਿਨ ਨਾਲ ਸਾਂਝੇ ਪ੍ਰੋਜੈਕਟ ਲਈ ਸਹਿਮਤੀ

ਚੰਡੀਗੜ੍ਹ, 5 ਫਰਵਰੀ (ਹਰੀਸ਼ ਚੰਦਰ ਬਾਗਾਂਵਾਲਾ)-ਲੁਧਿਆਣਾ ਦੇ ਨੇੜੇ 35 ਏਕੜ ਰਕਬੇ ਵਿੱਚ ਵਿਸ਼ਵ ਪੱਧਰ ਦੀ 'ਪੰਜਾਬ ਅੰਤਰ-ਰਾਸ਼ਟਰੀ ਯੂਨੀਵਰਸਿਟੀ' ਸਥਾਪਿਤ ਹੋਣ ਦਾ ਰਾਹ ਪੱਧਰਾ ਹੋਣ ਦੇ ਨਾਲ ਹੀ ਪੰਜਾਬ ਨੇ ਉਚ ਸਿਖਿਆ ਦੇ ਖੇਤਰ ਵਿੱਚ ਨਵਾਂ ਮੀਲ ਪੱਥਰ ਗੱਡ ਦਿੱਤਾ ਹੈ।ਇਹ ਯੂਨੀਵਰਸਿਟੀ ਕਾਰਨੇਗੀ ਮੈਲਿਨ ਯੂਨੀਵਰਸਿਟੀ ਪਿਟਸਬਰਗ ਯੂ.ਐਸ.ਏ. ਦੀ ਭਾਈਵਾਲੀ ਨਾਲ ਬਣਾਈ ਜਾ ਰਹੀ ਹੈ। ਪ੍ਰਸਤਾਵਿਤ ਯੂਨੀਵਰਸਿਟੀ ਇਕ ਸਾਂਝਾ ਉਦਮ ਹੈ ਜਿਸ ਨੂੰ ਆਈ.ਆਰ.ਈ.ਓ. ਗਰੁੱਪ ਵਲੋਂ ਬੜ੍ਹਾਵਾ ਦਿੱਤਾ ਜਾ ਰਿਹਾ ਹੈ। ਇਸ ਸਬੰਧੀ ਫੈਸਲਾ ਪੰਜਾਬ ਦੇ ਮੁੱਖ ਮੰਤਰੀ ਸ: ਪਰਕਾਸ਼ ਸਿੰਘ ਬਾਦਲ ਦੀ ਚੀਫ ਅਗਜੈਟਿਵ ਆਫਿਸਰ ਕਾਰਨੇਗੀ ਮੈਲਿਨ ਸ੍ਰੀ ਗਿਲ ਤਰਾਨ ਨਾਲ ਹੋਈ ਮੀਟਿੰਗ ਦੌਰਾਨ ਲਿਆ ਗਿਆ, ਜਿਨ੍ਹਾ ਨੇ ਰਾਜ ਵਿੱਚ ਨਵੀਂ ਯੂਨੀਵਰਸਿਟੀ ਦੀ ਸਥਾਪਨਾ ਲਈ ਭਾਰੀ ਦਿਲਚਸਪੀ ਦਿਖਾਈ। ਸ੍ਰੀ ਤਰਾਨ ਨੇ ਮੁੱਖ (ਬਾਕੀ ਸਫਾ 2 'ਤੇ)

ਧੀਰ ਨੂੰ ਫੌਰੀ ਆਰਥਿਕ ਸਹਾਇਤਾ ਦੇਣ ਦੀ ਮੰਗ

ਅੰਮਿਤਸਰ, 5 ਫ਼ਰਵਰੀ (ਮੋਤਾ ਸਿੰਘ)- ਪੰਜਾਬੀ ਰਾਈਟਰਜ਼ ਕੋਆਪਰੇਟਿਵ ਸੋਸਾਇਟੀ ਲਿਮਟਿਡ ਦੇ ਪ੍ਰਧਾਨ ਡਾ. ਬਿਕਰਮ ਸਿੰਘ ਘੁੰਮਣ ਅਤੇ ਮੈਨੇਜਿੰਗ ਡਾਇਰੈਕਟਰ ਡਾ. ਚਰਨਜੀਤ ਸਿੰਘ ਗੁਮਟਾਲਾ ਨੇ ਮੁੱਖ ਮੰਤਰੀ ਸ੍ਰ. ਪ੍ਰਕਾਸ਼ ਸਿੰਘ ਬਾਦਲ ਪਾਸੋਂ ਮੰਗ ਕੀਤੀ ਹੈ ਕਿ ਪੰਜਾਬੀ ਸਾਹਿਤ ਅਕਾਦਮੀ ਪੁਰਸਕਾਰ ਜੇਤੂ, ਪ੍ਰਸਿੱਧ ਲੇਖਕ ਸ੍ਰ. ਸੰਤੋਖ ਸਿੰਘ ਧੀਰ ਨੂੰ ਫੌਰੀ ਆਰਥਿਕ ਸਹਾਇਤਾ ਦਿੱਤੀ ਜਾਵੇ , ਜੋ ਕਿ ਇਸ ਸਮੇਂ ਪੀ.ਜੀ.ਆਈ. ਚੰਡੀਗੜ੍ਹ ਵਿੱਚ ਜਿੰਦਗੀ ਤੇ ਮੌਤ ਦੀ ਲੜਾਈ ਲੜ ਰਹੇ ਹਨ । ਸ੍ਰ. ਧੀਰ ਨੇ ਕਵਿੱਤਾ, ਨਾਵਲ, ਕਹਾਣੀ ਅਤੇ ਸਫਰਨਾਮੇ ਨਾਲ ਸਬੰਧਤ 50 ਦੇ ਕਰੀਬ ਪੁਸਤਕਾਂ ਲਿਖੀਆਂ ਹਨ । ਕਹਾਣੀ ਸੰਗ੍ਰਹਿ ਪੱਖੀ ਤੇ ਉਨਾਂ ਨੂੰ 1996 ਵਿੱਚ ਸਾਹਿਤ (ਬਾਕੀ ਸਫਾ 2 'ਤੇ)

ਸਰਕਾਰ ਤੇ ਪਾਰਟੀ ਵਿੱਤੀ ਸੰਕਟ 'ਚ

ਪਰ ਸਵਾ ਕਰੋੜ ਭਾਜਪਾ ਪਾਸ ਕਿੱਥੋਂ ਆਇਆ?

ਚੰਡੀਗੜ੍ਹ, 5 ਫਰਵਰੀ (ਹਰੀਸ਼ ਚੰਦਰ ਬਾਗਾਂਵਾਲਾ)-ਭਾਰਤੀ ਜਨਤਾ ਪਾਰਟੀ ਦੀ ਪੰਜਾਬ ਇਕਾਈ ਦੇ ਪਹਿਲੇ ਰਹਿ ਚੁੱਕੇ ਪ੍ਰਧਾਨ ਰਜਿੰਦਰ ਭੰਡਾਰੀ ਨੇ ਐਲਾਨ ਕੀਤਾ ਸੀ ਕਿ ਮੈਂ ਆਪਣੇ ਕਾਰਜਕਾਲ ਵਿੱਚ ਪਾਰਟੀ ਫੰਡ ਵਿੱਚ ਸਵਾ ਕਰੋੜ ਤੋਂ ਜ਼ਿਆਦਾ ਫੰਡ ਇੱਕਠਾ ਕਰਕੇ ਇੱਕ ਪਾਰਟੀ ਵਿੱਚ ਰਿਕਾਰਡ ਕਾਇਮ ਕੀਤਾ ਹੈ, ਜਦੋਂ ਕਿ ਪਹਿਲਾਂ ਪਾਰਟੀ ਘਾਟੇ ਵਿੱਚ ਜਾ ਰਹੀ ਸੀ ਅਤੇ ਭਾਰੀ ਗਿਣਤੀ ਵਿੱਤੀ ਸੰਕਟ ਵਿੱਚੋਂ ਗੁਜਰ ਰਹੀ ਸੀ। ਹੁਣ ਸਵਾਲ ਇਹ ਪੈਦਾ ਹੁੰਦਾ ਹੈ ਕਿ ਭਾਜਪਾ ਦੀ ਪਾਰਟੀ ਪਾਸ ਇਹ ਲੱਖਾਂ ਕਰੋੜਾਂ ਰੁਪਏ ਕਿੱਥੋਂ ਕਿਨ੍ਹਾਂ ਵਸੀਲਿਆਂ ਤੋਂ ਆਇਆ ਹੈ। ਜਦੋਂ ਕਿ ਭਾਰਤੀ ਜਨਤਾ ਪਾਰਟੀ ਆਪਣੇ ਅਕਸ ਨੂੰ ਬੇਦਾਗ ਦੱਸਦੀ ਹੈ। ਜਦੋਂ ਭਾਰਤੀ ਜਨਤਾ ਪਾਰਟੀ ਸਰਕਾਰ ਤੋਂ ਬਾਹਰ ਹੁੰਦੀ ਹੈ ਤਾਂ ਉਸ ਪਾਸੇ ਫੰਡ ਵਿੱਚ ਕੌਡੀ ਵੀ ਨਹੀਂ ਹੁੰਦੀ। ਇਹ ਫੰਡ ਦੇਣ ਵਾਲੇ ਲੋਕ ਕੌਣ ਹਨ? ਇਹ ਲੱਖਾਂ ਕਰੋੜਾਂ ਰੁਪਏ ਕਥਿਤ ਤੌਰ 'ਤੇ, ਪਾਰਟੀ ਨੇ ਫੰਡ ਦੇ ਤੌਰ 'ਤੇ ਰਿਸ਼ਵਤ ਲਈ ਹੈ। ਇਸ ਨੇ ਲੱਖਾਂ ਰੁਪਏ ਦੇ ਫੰਡ ਦਾ ਹਿਸਾਬ-ਕਿਤਾਬ ਕੀ ਹੈ? ਭੰਡਾਰੀ ਨੇ ਸਪੱਸ਼ਟ ਨਹੀਂ ਕੀਤਾ ਕਿ ਕਰੋੜਾਂ ਰੁਪਏ ਦਾ ਫੰਡ ਕਿੰਨਾ ਸਾਧਨਾਂ ਰਾਹੀਂ ਆਇਆ। ਇਸ ਤੋਂ ਇਲਾਵਾ 18 ਲੱਖ ਰੁਪਏ ਦੇ ਦਫਤਰ 'ਤੇ ਵੀ ਖਰਚ ਕੀਤੇ। ਜਦੋਂ ਕਿ ਪੰਜਾਬ ਵਿੱਚ ਸਰਕਾਰ ਅਕਾਲੀ ਭਾਜਪਾ ਸਰਕਾਰ ਵਿੱਤੀ ਸੰਕਟ ਵਿੱਚ ਹੈ। ਸਰਕਾਰ ਪਾਸ ਤਾਂ ਮੁਲਾਜ਼ਮਾਂ ਨੂੰ ਤਨਖਾਹਾਂ ਦੇਣ ਲਈ ਪੈਸਾ ਨਹੀਂ, ਪਰ ਪਾਰਟੀ ਨੇ ਇਹ ਲੱਖਾਂ ਕਰੋੜਾਂ ਰੁਪਏ ਪੰਜਾਬ ਵਿੱਚ ਕਿਨ੍ਹਾਂ ਘਰਾਣਿਆਂ ਤੋਂ ਇਕੱਠਾ ਕੀਤਾ ਅਤੇ ਇਸ ਦੇ ਇਵਜਾਨੇ ਵੱਜੋਂ ਉਨ੍ਹਾਂ ਲੋਕਾਂ ਨੂੰ ਕੀ-ਕੀ (ਬਾਕੀ ਸਫਾ 2 'ਤੇ)

ਮੁੰਬਈ 'ਚ ਬੇਫਿਕਰ ਹੋ ਕੇ ਘੁੰਮੇ ਰਾਹੁਲ ਗਾਂਧੀ

ਲੋਕਲ ਟ੍ਰੇਨ 'ਚ ਕੀਤਾ ਸਫਰ, ਏ.ਟੀ.ਐਮ. 'ਚੋਂ ਪੈਸੇ ਕਢਵਾਏ ਤੇ ਲਾਈਨ 'ਚ ਲੱਗ ਕੇ ਟਿਕਟ ਵੀ ਖਰੀਦੀ

ਮੁੰਬਈ, 5 ਫਰਵਰੀ (ਵਿਸ਼ਵ ਵਾਰਤਾ)-ਸ਼ਿਵਸੈਨਾ ਦੀ ਧਮਕੀ ਤੋਂ ਬੇਫਿਕਰ ਕਾਂਗਰਸ ਦੇ ਜਨਰਲ ਸਕੱਤਰ ਰਾਹੁਲ ਗਾਂਧੀ ਨੇ ਅੱਜ ਮੁੰਬਈ ਪਹੁੰਚੇ। ਇਸ ਦੌਰਾਨ ਉਨ੍ਹਾਂ ਨੇ ਲੋਕਲ ਵਿਚ ਸਫਰ ਕਰਕੇ ਪੂਰੇ ਦੇਸ਼ ਨੂੰ ਇਹ ਸੰਦੇਸ਼ ਦੇ ਦਿੱਤੀ ਕਿ ਮੁੰਬਈ ਕਿਸੇ ਇਕ ਦੀ ਨਹੀਂ ਬਲਕਿ ਸਾਰੇ ਹਿੰਦੋਸਤਾਨ ਦੀ ਹੈ। ਆਪਣੀ ਸੁਰੱਖਿਆ ਦੀ ਪ੍ਰਵਾਹ ਨਾ ਕਰਦੇ ਹੋਏ ਰਾਹੁਲ ਨੇ ਆਮ ਮੁੰਬਈ ਵਾਸੀਆਂ ਦੀ ਤਰ੍ਹਾਂ ਸ਼ਹਿਰ ਦੀ ਲਾਈਫ ਲਾਈਨ ਕਹੀ ਜਾਣ ਵਾਲੇ ਲੋਕ ਟ੍ਰੇਨ ਵਿਚ ਬੈਠ ਕੇ ਅੰਧੇਰੀ ਤੋਂ ਦਾਦਰ ਤੱਕ ਸਫ਼ਰ ਕੀਤਾ। ਇਹੀ ਨਹੀ ਰਾਹੁਲ ਨੇ ਦਾਦਰ ਪਹੁੰਚ ਕੇ ਏ.ਟੀ.ਐਮ. ਤੋਂ ਆਪਣੇ ਪੈਸੇ ਕਢਵਾਏ ਤੇ ਆਮ ਜਨਤਾ ਦੀ ਤਰ੍ਹਾਂ ਲਾਈਨ ਵਿਚ ਲੱਗ ਕੇ ਟਿਕਟ ਵੀ ਖਰੀਦੀ। ਸ਼ਿਵਸੈਨਾ ਵੱਲੋਂ ਰਾਹੁਲ ਗਾਂਧੀ ਦੇ ਮੁੰਬਈ ਦੌਰੇ ਦੇ ਵਿਰੁੱਧ ਵਿਚ ਉਨ੍ਹਾਂ ਦੀ ਸੁਰੱਖਿਆ ਦੇ ਮੱਦੇ ਨਜ਼ਰ ਸੁਰੱਖਿਆ ਦੇ ਭਾਰੀ ਬੰਦੋਬਸਤ ਕੀਤੇ ਗਏ ਸਨ। ਜਿਥੇ-ਜਿਥੇ ਰਾਹੁਲ ਗਏ ਉਸ ਇਲਾਕੇ ਨੂੰ ਪੂਰੀ ਛਾਉਣੀ ਵਿਚ ਤਬਦੀਲ (ਬਾਕੀ ਸਫਾ 2 'ਤੇ)

ਜਨਤਕ ਸੇਵਾਵਾਂ ਲੋਕਾਂ ਤੱਕ ਸੁਚੱਜੇ ਢੰਗ ਨਾਲ ਪਹੁੰਚਾਉਣ ਦੇ ਹੁਕਮ

ਸਮੂਹ ਡਿਪਟੀ ਕਮਿਸ਼ਨਰਾ ਦੇ ਕੰਮ ਕਾਜ਼ ਦੀ ਤਿਮਾਹੀ ਸਮੀਖਿਆ ਅਰੰਭ

ਚੰਡੀਗੜ੍ਹ 5 ਫ਼ਰਵਰੀ (ਹਰੀਸ਼ ਚੰਦਰ ਬਾਗਾਵਾਲਾ)- ਪੰਜਾਬ ਦੇ ਉਪ ਮੁੱਖ ਮੰਤਰੀ ਸ: ਸੁਖਬੀਰ ਸਿੰਘ ਬਾਦਲ ਨੇ ਅੱਜ ਸਮੂਹ ਜ਼ਿਲ੍ਹਿਆਂ ਦੇ ਡਿਪਟੀ ਕਮਿਸ਼ਨਰਾ ਨੂੰ ਹਦਾਇਤ ਕੀਤੀ ਹੈ ਕਿ ਉਹ ਆਮ ਜਨਤਾ ਤੱਕ ਜਨਤਕ ਸੇਵਾਵਾ ਦੀ ਸੁਚੱਜੀ ਪਹੁੰਚ ਨੂੰ ਯਕੀਨੀ ਬਨਾਉਣ। ਅੱਜ ਇਥੇ ਮੁੱਖ ਸਕੱਤਰ ਸ਼੍ਰੀ ਐਸ.ਸੀ.ਅਗਰਵਾਲ ਅਤੇ ਮੁੱਖ ਮੰਤਰੀ ਦੇ ਸਲਾਹਕਾਰ ਡਾ:ਦਲਜੀਤ ਸਿੰਘ ਚੀਮਾ ਦੀ ਹਾਜ਼ਰੀ ਵਿੱਚ ਰਾਜ ਦੇ ਸਮੂਹ ਡਿਪਟੀ ਕਮਿਸ਼ਨਰਾ ਦੀ ਇਕ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਸ:ਬਾਦਲ ਨੇ ਕਿਹਾ ਕਿ ਇਹ ਸਰਕਾਰ ਦਾ ਫ਼ਰਜ਼ ਹੈ ਕਿ ਸਮੂਹ ਭਲਾਈ ਯੋਜਨਾਵਾਂ ਦਾ ਸਬੰਧਤ ਲੋਕਾ ਤੱਕ ਫਾਇਦਾ ਪਹੁੰਚੇ। ਇਸ ਲਈ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਦਾ ਇਹ ਇਖਲਾਕੀ ਫ਼ਰਜ਼ ਬਣ ਜਾਂਦਾ ਹੈ ਕਿ ਉਹ ਸਮੂਹ ਸੰਬਧਤ ਜਨਤਕ ਸੇਵਾਵਾਂ ਆਮ ਲੋਕਾ ਤੱਕ ਸੁਚੱਜੇ ਢੰਗ ਨਾਲ ਪਹੁੰਚਾਉਣ। ਉਨ੍ਹਾਂ ਕਿਹਾ ਕਿ ਰਾਜ ਸਰਕਾਰ ਵਲੋਂ ਚਾਲੂ ਵਰ੍ਹੇਂ ਦੌਰਾਨ ਪ੍ਰਸ਼ਾਸ਼ਕੀ ਸੁਧਾਰਾ ਦੀ ਮੁਹਿੰਮ ਸ਼ੁਰੂ ਕੀਤੀ ਗਈ ਹੈ ਇਸ ਲਈ ਹਰ ਡਿਪਟੀ ਕਮਿਸ਼ਨਰ ਆਪਣੇ ਜ਼ਿਲ੍ਹੇ ਅੰਦਰ ਆਮ ਲੋਕਾ ਦੀ ਜਿਦਗੀ ਨੂੰ ਸੁਖਾਲਾ ਬਨਾਉਣ ਲਈ ਇਨ੍ਹਾਂ ਸੁਧਾਰਾ ਦਾ ਸਫ਼ਲ ਲਾਗੂਕਰਨ ਯਕੀਨੀ ਬਣਾਏ। ਡਿਪਟੀ ਕਮਿਸ਼ਨਰਾ ਨੂੰ ਆਪਣਾ ਜਨਤਾ ਨਾਲ ਤਾਲਮੇਲ ਵਧਾਉਣ ਦੀ ਸਲਾਹ ਦਿੰਦਿਆਂ ਸ:ਬਾਦਲ ਨੇ ਕਿਹਾ ਕਿ ਉਹ ਹਰ ਜ਼ਿਲ੍ਹੇ ਤੋਂ ਪ੍ਰਸ਼ਾਸ਼ਕੀ ਸੁਧਾਰਾ ਨੂੰ ਲਾਗੂ ਕਰਨ, ਜ਼ਿਲ੍ਹੇ ਅੰਦਰ ਭਰਿਸ਼ਟਾਚਾਰ ਬਾਰੇ ਆਮ ਜਨਤਾ ਦੀ ਧਾਰਨਾ ਅਤੇ ਲੋਕਾ ਨੂੰ ਦਰਪੇਸ਼ ਮੁਸ਼ਕਲਾ ਬਾਰੇ ਆਪਣੇ ਤੌਰ ਤੇ ਫੀਡ ਬੈਕ ਲਿਆ ਕਰਨਗੇ। ਉਨ੍ਹਾਂ ਇਸ ਮੌਕੇ ਮੁੱਖ ਸਕੱਤਰ ਸ਼੍ਰੀ ਅਗਰਵਾਲ ਨੂੰ ਕਿਹਾ ਕਿ ਹਰ ਡਿਪਟੀ ਕਮਿਸ਼ਨਰ ਦੀ ਕਾਰਗੁਜ਼ਾਰੀ ਦੀ ਤਿਮਾਹੀ ਸਮੀਖਿਆਂ ਦੀ ਵਿਵਸਥਾ ਆਰੰਭੀ ਜਾਵੇ ਅਤੇ ਉਸ ਵਿੱਚ 20ਫ਼ੀ ਸਦੀ ਅੰਕ ਜ਼ਿਲ੍ਹੇ ਅੰਦਰ ਭਰਿਸ਼ਟਾਚਾਰ ਬਾਰੇ ਲੋਕਾ ਦੀ ਧਾਰਨਾ ਬਾਰੇ ਰਖੇ ਜਾਣ। ਉਨ੍ਹਾਂ ਕਿਹਾ ਕਿ ਹਰ ਤਿਮਾਹੀ ਅੰਦਰ ਡਿਪਟੀ ਕਮਿਸ਼ਨਰਾ ਦੀ ਇਕ ਤੋਂ 20 ਤੱਕ ਦਰਜ਼ਾ ਬੰਦੀ ਹੋਵੇਗੀ ਅਤੇ ਲਗਾਤਾਰ 2 ਤਿਮਾਹੀਆਂ (ਬਾਕੀ ਸਫਾ 2 'ਤੇ)

ਭਾਰਤੀਆਂ 'ਤੇ ਹਮਲਿਆਂ ਨੂੰ ਕੇਂਦਰ ਗੰਭੀਰਤਾ ਨਾਲ ਲੈ ਰਿਹੈ-ਪ੍ਰਨੀਤ ਕੌਰ

ਸਮਾਣਾ, 5 ਫਰਵਰੀ (ਸਾਹਿਬ ਸਿੰਘ)-ਕੇਂਦਰੀ ਵਿਦੇਸ਼ ਰਾਜ ਮੰਤਰੀ ਸ੍ਰੀਮਤੀ ਪ੍ਰਨੀਤ ਕੌਰ ਨੇ ਵਿਸ਼ਵਾਸ ਦਿਵਾਇਆ ਹੈ ਕਿ ਵਿਦੇਸ਼ਾਂ ਵਿਸ਼ੇਸ਼ ਤੌਰ ਤੇ ਆਸਟ੍ਰੇਲੀਆ ਵਿੱਚ ਕੀਤੇ ਜਾ ਰਹੇ ਭਾਰਤੀਆਂ ਤੇ ਹਮਲਿਆਂ ਨੂੰ ਭਾਰਤ ਸਰਕਾਰ ਗੰਭੀਰਤਾ ਨਾਲ ਲੈ ਰਹੀ ਹੈ ਅਤੇ ਇਨ੍ਹਾਂ ਹਮਲਿਆਂ ਨੂੰ ਰੋਕਣ ਲਈ ਹਰ ਸੰਭਵ ਕਾਰਵਾਈ ਕੀਤੀ ਜਾਵੇਗੀ। ਕੇਂਦਰੀ ਵਿਦੇਸ਼ ਰਾਜ ਮੰਤਰੀ ਸਥਾਨਕ ਪੱਤਰਕਾਰ ਅਤੇ ਕਾਂਗਰਸੀ ਆਗੂ ਸ੍ਰੀ ਪਵਨ ਸ਼ਾਸਤਰੀ ਦੇ ਗ੍ਰਹਿ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਕਰ ਰਹੇ ਸਨ। ਸ੍ਰੀਮਤੀ ਪ੍ਰਨੀਤ ਕੌਰ ਨੇ ਭਾਰਤੀਆਂ ਤੇ ਹਮਲੇ ਰੋਕਣ ਸਬੰਧੀ ਚੁੱਕੇ ਗਏ ਕਦਮਾਂ ਦਾ ਖੁਲਾਸਾ ਕਰਦਿਆਂ ਕਿਹਾ ਹੈ ਕਿ ਭਾਰਤ ਨੇ ਆਸਟ੍ਰੇਲੀਆ ਦੀ ਸਰਕਾਰ ਤੇ ਪੂਰਾ ਦਬਾਅ ਬਣਾਇਆ ਹੋਇਆ ਹੈ। ਇਨ੍ਹਾਂ ਹਮਲਿਆਂ ਨੂੰ ਲੈ ਕੇ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਅਤੇ ਯੂ.ਪੀ.ਏ. ਦੀ ਚੇਅਰਪਰਸਨ ਸ੍ਰੀਮਤੀ ਸੋਨੀਆ ਗਾਂਧੀ ਬੇਹੱਦ ਚਿੰਤਤ (ਬਾਕੀ ਸਫਾ 2 'ਤੇ)

ਲਾਇਲਪੁਰ ਖ਼ਾਲਸਾ ਕਾਲਜ ਜਲੰਧਰ ਦੇ ਸ਼ਤਾਬਦੀ ਸਮਾਰੋਹ ਖ਼ਾਲਸਾਈ ਸ਼ਾਨ ਨਾਲ ਸ਼ੁਰੂ

ਪ੍ਰਕਾਸ਼ ਸਿੰਘ ਬਾਦਲ ਅੱਜ ਸ਼ਿਰਕਤ ਕਰਨਗੇ

ਜਲੰਧਰ, 5 ਫਰਵਰੀ (ਮਲਕੀਤ ਸਿੰਘ ਬਰਾੜ, ਕੁਲਦੀਪ ਸਿੰਘ ਪੱਟੀ)-ਲਾਇਲਪੁਰ ਖ਼ਾਲਸਾ ਕਾਲਜ ਜਲੰਧਰ ਦੇ ਸ਼ਤਾਬਦੀ ਸਮਾਰੋਹ ਦਾ ਸਮਾਗਮ ਅੱਜ ਕਾਲਜ ਕਾਲਜ ਕੈਂਪਸ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਾਜ਼ਰੀ ਵਿੱਚ ਸਹਿਜ ਪਾਠ ਦੇ ਭੋਗ ਉਪਰੰਤ ਸ਼ੁਰੂ ਹੋਇਆ। ਇਸ ਮੌਕੇ ਅਰਦਾਸ ਉਪਰੰਤ ਸ੍ਰੀ ਦਰਬਾਰ ਸਾਹਿਬ ਦੇ ਹੈੱਡ ਗ੍ਰੰਥੀ ਗਿਆਨੀ ਜਸਵਿੰਦਰ ਸਿੰਘ ਨੇ ਪਹਿਲਾਂ ਵਿਦਿਆਰਥੀਆਂ ਨੂੰ ਸੰਬੋਧਨ ਵਿੱਚ ਸਤ ਸੰਤੋਖ 'ਤੇ ਜ਼ੋਰ ਦਿੱਤਾ। ਉਨ੍ਹਾਂ ਕਿਹਾ ਕਿ ਸਿੱਖ ਵਿਦਿਆਰਥੀਆਂ ਲਈ ਇਹ ਅਦਾਰਾ ਇਹ ਅਦਾਰਾ ਸਿੱਖਿਆ ਦਾ ਚਾਨਣਾ ਮੁਨਾਰਾ ਹੈ। ਉਨ੍ਹਾਂ ਹੁਕਮਨਾਮਾ ਸੰਗਤਾਂ ਨੂੰ ਸੁਣਾਇਆ-ਤੁਮ ਦਾਤੇ ਠਾਕਰ ਪ੍ਰਿਤਪਾਲਕ...। ਪਹਿਲਾਂ ਭਾਈ ਬਲਵਿੰਦਰ ਸਿੰਘ ਰੰਗੀਲਾ ਤੇ ਭਾਈ ਨਿਰਮਲ ਸਿੰਘ (ਬਾਕੀ ਸਫਾ 2 'ਤੇ)

(ਫੋਟੋ : ਕੁਲਦੀਪ ਸਟੂਡੀਓ)

ਜਲੰਧਰ ਦੀਆਂ ਸਮੂਹ ਸਿੰਘ ਸਭਾਵਾਂ ਵੱਲੋਂ ਡੇਰਾ ਬੱਲਾਂ ਦਾ ਐਲਾਨ ਰੱਦ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਲੜ ਨਾ ਛੱਡਣ ਦੇ ਫੈਸਲੇ ਦਾ ਸਵਾਗਤ

ਜਲੰਧਰ, 5 ਫਰਵਰੀ (ਸਰਬਜੀਤ ਵਾਲੀਆ)- ਜਲੰਧਰ ਸ਼ਹਿਰ ਦੀਆਂ ਸਮੂਹ ਸਿੱਖ ਸਭਾਵਾਂ ਨੇ ਇੱਕ ਪ੍ਰੈੱਸ ਬਿਆਨ ਵਿੱਚ ਗੁਰੂ ਰਵਿਦਾਸ ਸਾਧੂ ਸੰਪਰਦਾਇ ਦੇ ਸਟੈਂਡ ਦੀ ਪੁਰਜ਼ੋਰ ਸ਼ਲਾਘਾ ਕੀਤੀ ਹੈ, ਜਿਸ ਵਿੱਚ ਸੰਪਰਦਾਇ ਦੇ ਮਹਾਂਪੁਰਸ਼ਾਂ ਨੇ ਇੱਕ ਅਵਾਜ਼ ਹੋ ਕੇ ਉਸ ਐਲਾਨ ਨੂੰ ਰੱਦ ਕਰ ਦਿੱਤਾ ਹੈ, ਜਿਸ ਵਿੱਚ ਡੇਰਾ ਬੱਲਾਂ ਵੱਲੋਂ ਵੱਖਰੇ ਗ੍ਰੰਥ ਅਤੇ ਵੱਖਰੇ ਧਰਮ ਦੀ ਗੱਲ ਕਹੀ ਸੀ। ਸੰਤਾਂ ਮਹਾਂਪੁਰਸ਼ਾਂ ਨੇ ਸਮੂਹ ਭਾਈਚਾਰੇ ਨੂੰ ਸੱਦਾ ਦਿੱਤਾ ਹੈ ਕਿ ਉਹ ਪ੍ਰੰਪਰਾ ਅਨੁਸਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਆਸਥਾ ਬਣਾਈ ਰੱਖਣ ਅਤੇ (ਬਾਕੀ ਸਫਾ 2 'ਤੇ)

ਜੰਗੇ-ਏ ਆਜ਼ਾਦੀ ਦੇ ਸ਼ਹੀਦਾਂ ਦੀ ਸਰਕਾਰੀ ਸੂਚੀ ਅਜੇ ਵੀ ਅਧੂਰੀ-ਤਰਲੋਚਨ ਸਿੰਘ

ਅੰਮ੍ਰਿਤਸਰ, 5 ਫਰਵਰੀ (ਮੋਤਾ ਸਿੰਘ)- ਸ੍ਰ ਤਰਲੋਚਨ ਸਿੰਘ ਮੈਂਬਰ ਰਾਜ ਸਭਾ ਨੇ ਅੱਜ ਆਪਣੀ ਅੰਮ੍ਰਿਤਸਰ ਫੇਰੀ ਦੌਰਾਨ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਆਜ਼ਾਦੀ ਦੇ 6 ਦਹਾਕੇ ਬੀਤਣ ਉਪਰੰਤ ਕੇਂਦਰ ਸਰਕਾਰ ਨੇ ਜੰਗ-ਏ-ਆਜ਼ਾਦੀ ਵਿੱਚ ਜਾਨਾਂ ਵਾਰਨ ਵਾਲੇ ਸ਼ਹੀਦਾਂ ਦੇ ਨਾਵਾਂ ਨੂੰ ਇਕ ਰਜਿਸਟਰ ਵਿੱਚ ਦਰਜ ਕਰਨ ਦਾ ਫੈਸਲਾ ਲਿਆ ਅਤੇ ਪ੍ਰਧਾਨ ਮੰਤਰੀ ਦੇ ਦਿਸ਼ਾ ਨਿਰਦੇਸ਼ਾਂ ਹੇਠ ਬਣੀ ਉਚ ਪੱਧਰੀ ਕਮੇਟੀ ਵੱਲੋਂ ਇਹ ਕੰਮ ਇੰਡੀਅਨ ਕੌਂਸਲ ਆਫ ਰਿਸਰਚ ਦੇ ਸੁਪਰਦ ਕੀਤਾ ਗਿਆ ਪਰ ਬੜੇ ਦੁੱਖ ਦੀ ਗੱਲ ਹੈ ਕਿ ਇਸ ਰਜਿਸਟਰ ਵਿੱਚ ਕੇਵਲ 1857 ਦੇ ਗਦਰ ਅਤੇ ਉਸ ਤੋਂ ਬਾਅਦ ਦੀਆਂ ਆਜ਼ਾਦੀ ਲਹਿਰਾਂ ਨੂੰ ਅੰਗਰੇਜਾਂ ਖਿਲਾਫ ਕੀਤੇ ਘੋਲਾਂ ਦਾ ਹਿੱਸਾ ਮੰਨਿਆਂ ਗਿਆ ਹੈ। ਉਨ੍ਹਾਂ ਕਿਹਾ ਕਿ ਇਸ ਫੈਸਲੇ ਸਦਕਾ 1846 ਦੀ ਐਂਗਲੋ ਸਿੱਖ ਜੰਗ ਜਿਸ ਵਿੱਚ ਹਿੰਦੂਆਂ, ਸਿੱਖਾਂ ਅਤੇ ਮੁਸਲਮਾਨਾਂ ਨੇ ਅੰਗਰੇਜਾਂ ਵਿਰੁੱਧ ਸੰਘਰਸ਼ ਕੀਤਾ ਅਤੇ ਚਿੱਲਿਆਂ ਵਾਲਾ ਦੀ ਲੜਾਈ ਤੇ ਸ੍ਰ ਸ਼ਾਮ ਸਿੰਘ ਅਟਾਰੀ ਵਾਲਾ ਵੱਲੋਂ ਬਹਾਦਰੀ ਨਾਲ ਲੜੀ ਸਭਰਾਵਾਂ (ਬਾਕੀ ਸਫਾ 2 'ਤੇ)

ਕਾਮਨਵੈਲਥ ਖੇਡਾਂ ਦੀ ਮਸ਼ਾਲ 70 ਦੇਸ਼ਾਂ ਵਿੱਚੋਂ ਹੁੰਦਿਆਂ 25 ਜੂਨ ਨੂੰ ਅਟਾਰੀ ਸਰਹੱਦ ਰਾਹੀਂ ਭਾਰਤ 'ਚ ਦਾਖਲ ਹੋਵੇਗੀ

ਅੰਮ੍ਰਿਤਸਰ, 5 ਫਰਵਰੀ (ਮੋਤਾ ਸਿੰਘ)-ਅਕਤੂਬਰ , 2010 ਦੌਰਾਨ ਦਿੱਲੀ ਵਿੱਚ ਹੋਣ ਵਾਲੀਆਂ ਕਾਮਨਵੈਲਥ ਖੇਡਾਂ ਦੀ ਮਸ਼ਾਲ 70 ਦੇਸ਼ਾਂ ਵਿੱਚੋਂ ਹੁੰਦਿਆਂ ਹੋਇਆਂ 25 ਜੂਨ, 2010 ਨੂੰ ਅਟਾਰੀ ਸਰਹੱਦ ਰਾਹੀਂ ਭਾਰਤ ਵਿੱਚ ਦਾਖਲ ਹੋਵੇਗੀ। ਇਹ ਜਾਣਕਾਰੀ ਸ੍ਰ ਤਰਲੋਚਨ ਸਿੰਘ, ਮੈਂਬਰ ਪਾਰਲੀਮੈਂਟ ਅਤੇ ਪ੍ਰਧਾਨ ਮੀਡੀਆ ਕਮੇਟੀ ਕਾਮਨਵੈਲਥ ਖੇਡਾਂ ਨੇ ਅੱਜ ਸਰਕਟ ਹਾਊਸ ਅੰਮ੍ਰਿਤਸਰ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦਿੱਤੀ। ਸ੍ਰ ਤਰਲੋਚਨ ਸਿੰਘ ਨੇ ਦੱਸਿਆ ਕਿ ਬੀਤੇ ਸਾਲ ਅਕਤੂਬਰ ਮਹੀਨੇ ਦੌਰਾਨ ਭਾਰਤ ਦੀ ਰਾਸ਼ਟਰਪਤੀ ਸ੍ਰੀਮਤੀ ਪ੍ਰਤਿਭਾ ਪਾਟਿਲ ਅਤੇ ਬਰਤਾਨੀਆਂ ਦੀ ਮਹਾਰਾਨੀ ਨੇ ਲੰਦਨ ਤੋਂ ਸਾਂਝਿਆਂ ਕਾਮਨਵੈਲਥ ਖੇਡਾਂ ਦੀ ਮਸ਼ਾਲ ਰਵਾਨਾ ਕੀਤੀ ਜੋ ਕਿ ਵੈਸਟ ਇੰਡੀਜ, ਕਨੇਡਾ, ਆਸਟਰੇਲੀਆ, ਨਿਊਜੀਲੈਂਡ, ਯੂਰਪੀਅਨ ਦੇਸ਼ਾਂ, ਮਲੇਸ਼ੀਆ, ਬੰਗਲਾ ਦੇਸ਼, ਸਲੋਨ, ਪਾਕਿਸਤਾਨ ਆਦਿ ਕਾਮਨਵੈਲਥ ਖੇਡਾਂ ਦੇ 70 ਮੈਂਬਰ ਦੇਸ਼ਾਂ ਵਿੱਚੋਂ ਹੋ ਕੇ ਤਕਰੀਬਨ 1 ਲੱਖ 70 ਹਜ਼ਾਰ ਕਿਲੋਮੀਟਰ ਦਾ ਫਾਸਲਾ ਤੈਅ ਕਰਕੇ ਪੰਜਾਬ ਵਿੱਚ ਪੁੱਜੇਗੀ। ਉਨ੍ਹਾਂ ਦੱਸਿਆ ਕਿ ਕਾਮਨਵੈਲਥ ਖੇਡਾਂ ਦੇ ਸ਼ੁਰੂ ਹੋਣ ਤੋਂ ਠੀਕ 100 ਦਿਨ ਪਹਿਲਾਂ ਇਹ ਮਸ਼ਾਲ ਅਟਾਰੀ ਸਰਹੱਦ ਤੋਂ ਭਾਰਤ ਵਿੱਚ ਦਾਖਲ ਹੋਣ ਉਪਰੰਤ ਭਾਰਤ ਦੇ 28 ਰਾਜਾਂ, 7 ਕੇਂਦਰ ਸਾਸ਼ਤ ਪ੍ਰਦੇਸ਼ਾਂ ਅਤੇ 2 ਟਾਪੂਆਂ ਤੋਂ ਹੋ ਕੇ ਲੱਗਭੱਗ 20 ਹਜ਼ਾਰ ਕਿਲੋਮੀਟਰ ਦਾ ਸਫਰ ਤੈਅ ਕਰਨ ਉਪਰੰਤ ਦਿੱਲੀ ਪਹੁੰਚੇਗੀ। ਸ੍ਰ ਤਰਲੋਚਨ ਸਿੰਘ ਨੇ ਦੱਸਿਆ ਕਿ ਮਸ਼ਾਲ ਦੇ ਅੰਮ੍ਰਿਤਸਰ ਪਹੁੰਚਣ ਤੇ ਸੈਨਾ, ਸੀਮਾ ਸੁਰੱਖਿਆ ਬੱਲਾਂ ਅਤੇ ਪੰਜਾਬ ਸਰਕਾਰ ਦੇ ਸਾਂਝੇ ਉਪਰਾਲਿਆਂ ਸਦਕਾ ਯਾਦਗਾਰੀ ਸਭਿਆਚਾਰਕ ਸਮਾਗਮ ਕਰਵਾਇਆ ਜਾਵੇਗਾ, ਜਿਸ ਵਿੱਚ ਪੰਜਾਬ ਤੇ ਭਾਰਤ ਦੇ ਉਘੇ ਰਾਜਸੀ ਆਗੂ ਅਤੇ ਖਿਡਾਰੀ ਵਿਸ਼ੇਸ਼ ਤੌਰ ਤੇ ਸ਼ਾਮਲ ਹੋਣਗੇ। ਉਨ੍ਹਾਂ ਦੱਸਿਆ ਕਿ ਇਹ ਮਸ਼ਾਲ 3 ਦਿਨ ਪੰਜਾਬ ਵਿੱਚ ਰਹੇਗੀ ਜਿਸ ਦੌਰਾਨ 26 ਜੂਨ ਨੂੰ ਤਰਨਤਾਰਨ, ਫਿਰੋਜਪੁਰ ਤੋਂ ਹੁੰਦੀ ਹੋਈ ਇਹ ਲੁਧਿਆਣਾ ਪੁੱਜੇਗੀ। 27 ਜੂਨ ਨੂੰ ਲੁਧਿਆਣਾ ਤੋਂ ਜਲੰਧਰ ਅਤੇ ਫਿਰ ਪਠਾਨਕੋਟ ਲਿਜਾਈ ਜਾਵੇਗੀ। ਇਸ ਉਪਰੰਤ ਜੰਮੂ ਕਸ਼ਮੀਰ ਅਤੇ ਲੇਹ ਦਾ ਸਫਰ ਤੈਅ ਕਰਕੇ ਮਸ਼ਾਲ ਚੰਡੀਗੜ੍ਹ ਪੁੱਜੇਗੀ, ਜਿਥੋਂ ਕਿ ਇਸ ਨੂੰ ਨੈਸ਼ਨਲ ਇੰਸਟੀਚਿਊਟ ਆਫ ਸਪੋਰਟਸ ਪਟਿਆਲਾ ਅਤੇ ਉਥੋਂ ਮੁੜ ਚੰਡੀਗੜ੍ਹ ਵਿਖੇ ਲਿਜਾਇਆ ਜਾਵੇਗਾ। ਅਟਾਰੀ ਸਰਹੱਦ ਤੋਂ ਕਾਮਨਵੈਲਥ ਖੇਡਾਂ ਦੀ ਮਸ਼ਾਲ ਦੀ ਭਾਰਤ 'ਚ ਆਮਦ ਪੰਜਾਬੀਆਂ ਲਈ ਫ਼ਖਰ ਦੀ ਗੱਲ ਦੱਸਦਿਆਂ ਸ੍ਰ ਤਰਲੋਚਨ ਸਿੰਘ ਨੇ ਕਿਹਾ ਕਿ ਪੰਜਾਬ ਤਾਂ ਖੇਡਾਂ ਦਾ ਘਰ ਹੈ ਅਤੇ ਇਸ ਮਸ਼ਾਲ ਦੀ ਪੰਜਾਬ ਵਿੱਚ ਆਮਦ ਨਾਲ ਪੰਜਾਬ ਦੇ ਖਿਡਾਰੀਆਂ ਦਾ ਉਤਸ਼ਾਹ ਵਧੇਗਾ ਅਤੇ ਪੰਜਾਬ ਵਿੱਚ ਖੇਡਾਂ ਪ੍ਰਤੀ ਲੋਕਾਂ ਦੀ ਦਿਲਚਸਪੀ ਵੀ (ਬਾਕੀ ਸਫਾ 2 'ਤੇ)

ਤਕਨਾਲੋਜੀ ਪ੍ਰਦਰਸ਼ਨੀ ਦਾ ਸਨਅਤ ਦੀ ਤਰੱਕੀ 'ਚ ਅਹਿਮ ਯੋਗਦਾਨ-ਮਨੀਸ਼ ਤਿਵਾੜੀ

ਲੁਧਿਆਣਾ, 5 ਫਰਵਰੀ (ਰਾਜ ਜੋਸ਼ੀ)- ਜਿਸ ਤਰੀਕੇ ਨਾਲ ਮਹਾਂਨਗਰ ਲੁਧਿਆਣਾ ਦੇ ਹੌਜ਼ਰੀ ਅਤੇ ਗਾਰਮਿੰਟ ਉਦਮੀਆਂ ਨੂੰ ਅੰਤਰ ਰਾਸ਼ਟਰੀ ਪੱਧਰ ਦੀਆਂ ਇਸ ਕੰਮ ਨਾਲ ਸੰਬੰਧਤ ਨਵੀਨਤਮ ਤਕਨੀਕ ਵਾਲੀਆਂ ਮਸ਼ੀਨਾਂ ਦੀ ਡੈਮੋ ਪ੍ਰਦਰਸ਼ਨੀਆਂ ਸਤੀਸ਼ ਸ਼ਰਮਾ ਸ਼ੋਅਮੈਨ ਜੀ ਇੱਥੇ ਵੈਲਕਮ ਪੈਲੇਸ ਵਿਖੇ ਲਗਵਾਉਂਦੇ ਆ ਰਹੇ ਹਨ। ਉਸ ਨਾਲ ਇਸ (ਬਾਕੀ ਸਫਾ 2 'ਤੇ)

ਵਿਸ਼ੇਸ਼ ਸੰਪਾਦਕੀ ਟਿੱਪਣੀ

-ਬਲਜੀਤ ਸਿੰਘ ਬਰਾੜ

ਲਾਇਲਪੁਰ ਖਾਲਸਾ ਕਾਲਜ ਜਲੰਧਰ ਨੂੰ ਯੂਨੀਵਰਸਿਟੀ ਦਾ ਦਰਜਾ ਮਿਲੇ

ਜਲੰਧਰ ਸਥਿਤ ਲਾਇਲਪੁਰ ਖਾਲਸਾ ਕਾਲਜ ਪੁਰਾਣੇ ਪੰਜਾਬ ਦੀ ਪ੍ਰਮੁੱਖ ਵਿੱਦਿਅਕ ਸੰਸਥਾ ਹੈ। ਪੰਜਾਬ ਦੀ ਇਸ ਪੁਰਾਣੀ ਵਿੱਦਿਅਕ ਵਿਰਾਸਤ ਨੇ 100 ਸਾਲ ਪੂਰੇ ਕਰ ਲਏ ਹਨ। ਇਸ ਸਮੇਂ ਉੱਤਰੀ ਭਾਰਤ ਦੀ ਇੱਕ ਪ੍ਰਮੁੱਖ ਵਿੱਦਿਅਕ ਸੰਸਥਾ ਬਣ ਚੁੱਕਿਆ ਇਹ ਕਾਲਜ ਸਿੰਘ ਸਭਾ ਲਹਿਰ ਦੇ ਪ੍ਰਭਾਵ ਅਧੀਨ ਪਿਛਲੀ ਸਦੀ ਦੇ ਪਹਿਲੇ ਦਹਾਕੇ ਦੌਰਾਨ ਹੋਂਦ ਵਿੱਚ ਆਇਆ ਸੀ। ਸੰਨ 1907 ਵਿੱਚ ਚੀਫ਼ ਖ਼ਾਲਸਾ ਦੀਵਾਨ ਦੀ ਗੁਜਰਾਂਵਾਲਾ ਵਿਖੇ ਇੱਕ ਵਿੱਦਿਅਕ ਕਾਨਫਰੰਸ ਦੌਰਾਨ ਲਾਇਲਪੁਰ ਅੰਦਰ ਖ਼ਾਲਸਾ ਸਕੂਲ ਦੀ ਲੋੜ ਨੂੰ ਮਹਿਸੂਸ ਕੀਤਾ ਗਿਆ। ਸੰਨ 1908 ਈ. ਵਿੱਚ ਇਸ ਸੰਸਥਾ ਦਾ ਨੀਂਹ ਪੱਥਰ ਸਦੀ ਦੀ ਮਹਾਨ ਸਿੱਖ ਧਾਰਮਿਕ ਸ਼ਖ਼ਸੀਅਤ ਸੰਤ ਅਤਰ ਸਿੰਘ ਜੀ ਮਸਤੂਆਣਾ ਵਾਲਿਆਂ ਨੇ ਲਾਇਲਪੁਰ (ਹੁਣ ਪਾਕਿਸਤਾਨ) ਵਿਖੇ ਆਪਣੇ ਕਰ ਕਮਲਾਂ ਨਾਲ ਰੱਖਿਆ। ਇਸ ਸੰਸਥਾ ਦੀ ਸ਼ੁਰੂਆਤ ਇੱਕ ਸਕੂਲ ਦੇ ਰੂਪ ਵਿੱਚ ਆਰੰਭ ਹੋਈ ਸੀ। ਇਸ ਸੰਸਥਾ ਦੀ ਅਹਿਮੀਅਤ ਇਸ ਗੱਲੋਂ ਵੀ ਵੇਖੀ ਜਾ ਸਕਦੀ ਹੈ ਕਿ ਸ਼੍ਰੋਮਣੀ ਅਕਾਲੀ ਦਲ ਦੇ ਸੱਚਖੰਡ ਵਾਸੀ ਪ੍ਰਧਾਨ ਪੰਥ ਰਤਨ ਮਾਸਟਰ ਤਾਰਾ ਸਿੰਘ, ਪ੍ਰਸਿੱਧ ਵਿਦਵਾਨ ਅਤੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਉਪ-ਕੁਲਪਤੀ ਰਹੇ ਸੱਚਖੰਡ ਵਾਸੀ ਭਾਈ ਜੋਧ ਸਿੰਘ ਅਤੇ ਪ੍ਰਮੁੱਖ ਪੰਜਾਬੀ ਸਾਹਿਤਕਾਰ ਮਰਹੂਮ ਗਿਆਨੀ ਹੀਰਾ ਸਿੰਘ ਦਰਦ ਇਸ ਸੰਸਥਾ ਦੇ ਪਹਿਲੇ ਅਧਿਆਪਕਾਂ 'ਚ ਸ਼ਾਮਲ ਸਨ। ਲਾਇਲਪੁਰ ਖਾਲਸਾ ਕਾਲਜ ਨੇ ਪੰਜਾਬ ਦੇ ਵਿੱਦਿਅਕ ਨਕਸ਼ੇ ਨੂੰ ਬਦਲਣ ਵਿੱਚ ਵੱਡਾ ਯੋਗਦਾਨ ਪਾਇਆ ਹੈ। ਇਸ ਸੰਸਥਾ ਤੋਂ ਪੜ੍ਹੇ ਸੈਂਕੜੇ ਵਿਦਿਆਰਥੀ ਪੰਜਾਬ ਦੀਆਂ ਨਾਮੀ ਸ਼ਖ਼ਸ਼ੀਅਤਾਂ ਹੋ ਨਿਬੜੇ ਹਨ। ਕਾਲਜ 'ਚੋਂ ਇਨ੍ਹਾਂ ਪੜ੍ਹੇ ਪ੍ਰਤਿਭਾਸ਼ਾਲੀ ਵਿਦਿਆਰਥੀਆਂ ਨੇ ਜਨ-ਜੀਵਨ ਦੇ ਹਰ ਖੇਤਰ ਵਿੱਚ ਆਪਣਾ ਪ੍ਰਭਾਵਸ਼ਾਲੀ ਯੋਗਦਾਨ ਪਾਇਆ ਹੈ।

ਪ੍ਰਕਾਸ਼ ਸਿੰਘ ਬਾਦਲ
ਮੁੱਖ ਮੰਤਰੀ ਪੰਜਾਬ

ਮਰਹੂਮ ਸ. ਬਲਬੀਰ
ਸਾਬਕਾ ਐਮ.ਪੀ.

ਬੀਬੀ ਬਲਬੀਰ ਕੌਰ
ਪ੍ਰਧਾਨ ਗਵਰਨਿੰਗ ਕੌਂਸਲ

ਲਾਇਲਪੁਰ ਖਾਲਸਾ ਕਾਲਜ ਦਾ ਇਤਿਹਾਸ ਵੀ ਬੇਹੱਦ ਦਿਲਚਸਪ ਹੈ। ਅੰਗਰੇਜ਼ਾਂ ਸਮੇਂ ਸੰਨ 1926 ਈ. ਵਿੱਚ ਲਾਇਲਪੁਰ ਦੀ ਇਸ ਵਿੱਦਿਅਕ ਸੰਸਥਾ ਨੂੰ ਇੰਟਰ-ਮੀਡੀਏਟ ਸਕੂਲ ਦਾ ਦਰਜਾ ਪ੍ਰਾਪਤ ਹੋਇਆ। ਸਿੱਖ ਸੰਗਤਾਂ ਅਤੇ ਪ੍ਰਬੰਧਕਾਂ ਦੀ ਸਖ਼ਤ ਮੁਸ਼ੱਕਤ ਨਾਲ ਇਹ ਸੰਸਥਾ ਸੰਨ 1940 ਵਿੱਚ ਡਿਗਰੀ ਕਾਲਜ ਬਣ ਗਈ। ਸੰਨ 1947 ਦੀ ਵੰਡ ਸਮੇਂ ਲੱਖਾਂ ਪੰਜਾਬੀਆਂ ਵਾਂਗ ਇਸ ਸੰਸਥਾ ਨੂੰ ਵੀ ਉਜੜਨਾ ਪਿਆ। ਵੰਡ ਤੋਂ ਪਿੱਛੋਂ ਸੰਨ 1948 ਈ. ਵਿੱਚ ਇਸ ਵਿੱਦਿਅਕ ਸੰਸਥਾ ਨੂੰ ਮੁੜ ਜਲੰਧਰ ਵਿਖੇ ਸਥਾਪਤ ਕਰਨ ਦਾ ਉੱਦਮ ਕੀਤਾ ਗਿਆ। ਇਹ ਗੱਲ ਵੱਖਰੀ ਹੈ ਕਿ ਲਾਇਲਪੁਰ ਖਾਲਸਾ ਕਾਲਜ ਇਸ ਸਮੇਂ ਪਾਕਿਸਤਾਨ ਵਿਖੇ ਵੀ ਚੱਲ ਰਿਹਾ ਹੈ। ਵੰਡ ਤੋਂ ਪਿੱਛੋਂ ਇਸ ਕਾਲਜ ਨੇ ਪੰਜਾਬ ਦੇ ਦੁਆਬਾ ਅਤੇ ਨਾਲ ਲੱਗਦੇ ਖੇਤਰਾਂ ਵਿੱਚ ਵਿੱਦਿਆ ਦੇ ਪਸਾਰ 'ਚ ਅਹਿਮ ਭੂਮਿਕਾ ਨਿਭਾਈ ਹੈ। ਇਸ ਵਿੱਦਿਅਕ ਸੰਸਥਾ ਨੇ ਬੇਹੱਦ ਪ੍ਰਤਿਭਾਸ਼ਾਲੀ ਅਧਿਆਪਕ, ਪ੍ਰਬੰਧਕ, ਸ੍ਰੀ ਅਕਾਲ ਤਖ਼ਤ ਦੇ ਜਥੇਦਾਰ, ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ, ਫੌਜੀ ਜਰਨੈਲ, ਕੇਂਦਰੀ ਰੱਖਿਆ, ਵਿਦੇਸ਼ ਤੇ ਗ੍ਰਹਿ ਮੰਤਰੀ, ਵਿਦੇਸ਼ ਸਕੱਤਰ, ਡਿਪਟੀ ਹਾਈ ਕਮਿਸ਼ਨਰ, ਪੰਜ ਰਾਸ਼ਟਰੀ ਅਤੇ ਅੰਤਰ ਰਾਸ਼ਟਰੀ ਅਖ਼ਬਾਰਾਂ ਦੇ ਸੰਪਾਦਕ, ਸੰਸਾਰ ਜੇਤੂ ਖਿਡਾਰੀ, ਜੱਜ, ਰਾਜਪਾਲ , ਯੂਨੀਵਰਸਿਟੀ (ਬਾਕੀ ਸਫਾ 2 'ਤੇ)

Visit SHOWMAN'S 13th MEGA Expo of APPAREL & KNITTING Technology
KNIT-VISION-2010
DISPLAY CUM DEMO
of the Latest Techniques of Sewing, Knitting, Embroidery, Cutting, Dyeing, Finishing, Laundry Machinery, Quilting, Fusing, Fabrics, Fancy Yarn, Dyes & Chemicals, Testing Equipments, Print & Packaging, Software, CAD - CAM, Accessories & Trade Publications
5-6-7-8, FEB. 2010
TIMINGS : 10 AM TO 9 PM
WELKOM PALACE LUDHIANA
SHOWMAN ASSOCIATES (P) LTD. Mob. 98140-27501, 98141-27501, Tel. : 0161-4635800